ੴ ਵਾਹਿਗੁਰੂ ਜੀ ਕੀ ਫਤਹ॥

**ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਮਿਤੀ 08-03-2022 (25 ਫੱਗਣ ਸੰਮਤ ਨਾਨਕਸ਼ਾਹੀ 553) ਦੇ ਮਤਾ ਨੰਬਰ 181 ਦੀ ਨਕਲ:-**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਦੀ ਅੱਜ ਦੀ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਸ੍ਰ. ਹਰਬੰਸ ਸਿੰਘ ਜੀ ਘੁੰਮਣ ਸਾਬਕਾ ਮੈਂਬਰ ਸ਼੍ਰੋਮਣੀ ਗੁ:ਪ੍ਰ:ਕਮੇਟੀ ਅਤੇ ਸਾਬਕਾ ਐਮ.ਐਲ.ਏ. ਪੰਜਾਬ ਵਿਧਾਨ ਸਭਾ ਦੇ ਅਕਾਲ ਚਲਾਣਾ ਕਰ ਜਾਣ ਪੁਰ ਗਹਿਰੇ ਦੁੱਖ ਦਾ ਇਜ਼ਹਾਰ ਕਰਦੀ ਹੈ। ਉਹ ਚੰਗੇ ਸੁਭਾਅ, ਨੇਕ ਦਿਲ ਅਤੇ ਮਿਲਣਸਾਰ ਸਖਸ਼ੀਅਤ ਦੇ ਮਾਲਕ ਸਨ। ਇਨ੍ਹਾਂ ਨੇ ਸਿੱਖੀ ਦੇ ਪ੍ਰਚਾਰ ਅਤੇ ਗੁਰਦੁਆਰਾ ਪ੍ਰਬੰਧ ਖੇਤਰ ਵਿਚ ਅਹਿਮ ਯੋਗਦਾਨ ਪਾਇਆ।ਸ੍ਰ. ਹਰਬੰਸ ਸਿੰਘ ਘੁੰਮਣ ਦਾ 1947 ਦੀ ਭਾਰਤ-ਪਾਕਿਸਤਾਨ ਦੀ ਵੰਡ ਸਮੇਂ ਜਿਲ੍ਹਾ ਗੁਰਦਾਸਪੁਰ ਨੂੰ ਭਾਰਤ ਵਿੱਚ ਸ਼ਾਮਿਲ ਕਰਵਾਉਣ ਵਿੱਚ ਬੁਹਤ ਵੱਡਾ ਯੋਗਦਾਨ ਸੀ। ਇਸ ਤੋਂ ਇਲਾਵਾ ਉਨ੍ਹਾਂ ਨੇ 1984 ਵਿੱਚ ਜੋਧਪੁਰ ਜੇਲ੍ਹ ਦੇ ਨਜ਼ਰਬੰਦਾਂ ਦੀਆਂ ਮੁਲਾਕਾਤਾਂ, ਕੇਸਾਂ ਦੀ ਪੈਰਵਾਈ ਅਤੇ ਰਿਹਾਈ ਵਾਸਤੇ ਬਹੁਤ ਹੀ ਅਹਿਮ ਭੂਮਿਕਾ ਨਿਭਾਈ।

ਉਨ੍ਹਾਂ ਦੀਆਂ ਪੰਥਕ ਸੇਵਾਵਾਂ ਨੂੰ ਮੁੱਖ ਰੱਖਦਿਆਂ ਉਨ੍ਹਾਂ ਦੀ ਤਸਵੀਰ ਕੇਂਦਰੀ ਸਿੱਖ ਅਜਾਇਬ ਘਰ ਵਿਖੇ ਲਗਾਉਣ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਦੀ ਅੱਜ ਦੀ ਇਕੱਤਰਤਾ ਸ੍ਰ. ਹਰਬੰਸ ਸਿੰਘ ਜੀ ਘੁੰਮਣ ਵੱਲੋਂ ਕੀਤੇ ਪੰਥਕ ਕਾਰਜਾਂ ਦੀ ਸ਼ਲਾਘਾ ਕਰਦੀ ਹੋਈ ਅਕਾਲ ਪੁਰਖ ਦੇ ਚਰਨਾਂ ਵਿਚ ਅਰਦਾਸ ਕਰਦੀ ਹੈ ਕਿ ਵਿੱਛੜੀ ਆਤਮਾਂ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ਣ ਤੇ ਪਿੱਛੇ ਪਰਿਵਾਰਕ ਮੈਂਬਰਾਂ, ਰਿਸ਼ਤੇਦਾਰਾਂ, ਸਾਕ-ਸਬੰਧੀਆਂ ਨੂੰ ਭਾਣਾ ਮੰਨਣ ਦਾ ਬਲ ਪ੍ਰਦਾਨ ਕਰਨ।

---

ਦਫਤਰ:-**ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,**

ਤੇਜਾ ਸਿੰਘ ਸਮੁੰਦਰੀ ਹਾਲ, ਸ੍ਰੀ ਅੰਮ੍ਰਿਤਸਰ।

ਨੰਬਰ 23731

ਮਿਤੀ 14-03-2022

ਉਤਾਰਾ:

1. ਮੈਨੇਜਰ ਜੀ, ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ-ਪਾਸ ਤਸਵੀਰ ਲਗਾਉਣ ਲਈ ਲੋੜੀਂਦੀ ਕਾਰਵਾਈ ਹਿੱਤ।
2. ਇੰਚਾਰਜ ਜੀ (ਰੀਕਾਰਡ ਬ੍ਰਾਂਚ), ਸ਼੍ਰੋਮਣੀ ਗੁ:ਪ੍ਰ:ਕਮੇਟੀ।
3. ਇੰਚਾਰਜ ਜੀ (ਗੁ: ਗਜ਼ਟ), ਸ਼੍ਰੋਮਣੀ ਗੁ:ਪ੍ਰ:ਕਮੇਟੀ।
4. ਇੰਚਾਰਜ ਜੀ, ਸੈਕਸ਼ਨ-85, ਸ਼੍ਰੋਮਣੀ ਗੁ:ਪ੍ਰ:ਕਮੇਟੀ ਪਾਸ ਤਸਵੀਰ ਲਗਾਉਣ ਲਈ ਲੋੜੀਂਦੀ ਕਾਰਵਾਈ ਹਿੱਤ।
5. ਸਬੰਧਤਾ ਪਾਸ

-ਪਾਸ ਗਿਆਤ ਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

(ਮਹਿੰਦਰ ਸਿੰਘ)
ਸਕੱਤਰ,
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ
ਸ੍ਰੀ ਅੰਮ੍ਰਿਤਸਰ ਸਾਹਿਬ।

੧ੳ ਵਾਹਿਗੁਰੂ ਜੀ ਕੀ ਫਤਹ॥

**ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਮਿਤੀ 08-03-2022 (25 ਫੱਗਣ ਸੰਮਤ ਨਾਨਕਸ਼ਾਹੀ 553) ਦੇ ਮਤਾ ਨੰਬਰ 182 ਦੀ ਨਕਲ:-**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਦੀ ਅੱਜ ਦੀ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਪ੍ਰਿੰਸੀਪਲ ਭਗਵੰਤ ਸਿੰਘ ਜੀ ਸਾਬਕਾ ਮੈਂਬਰ ਸ਼੍ਰੋਮਣੀ ਗੁ:ਪ੍ਰ:ਕਮੇਟੀ ਦੇ ਅਕਾਲ ਚਲਾਣਾ ਕਰ ਜਾਣ ਪੁਰ ਗਹਿਰੇ ਦੁੱਖ ਦਾ ਇਜ਼ਹਾਰ ਕਰਦੀ ਹੈ। ਉਹ ਚੰਗੇ ਸੁਭਾਅ, ਨੇਕ ਦਿਲ ਅਤੇ ਮਿਲਣਸਾਰ ਸਖਸ਼ੀਅਤ ਦੇ ਮਾਲਕ ਸਨ। ਇਨ੍ਹਾਂ ਨੇ ਸਿੱਖੀ ਦੇ ਪ੍ਰਚਾਰ ਅਤੇ ਗੁਰਦੁਆਰਾ ਪ੍ਰਬੰਧ ਖੇਤਰ ਵਿਚ ਅਹਿਮ ਯੋਗਦਾਨ ਪਾਇਆ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਦੀ ਅੱਜ ਦੀ ਇਕੱਤਰਤਾ ਪ੍ਰਿੰਸੀਪਲ ਭਗਵੰਤ ਸਿੰਘ ਜੀ ਵੱਲੋਂ ਕੀਤੇ ਪੰਥਕ ਕਾਰਜਾਂ ਦੀ ਸ਼ਲਾਘਾ ਕਰਦੀ ਹੋਈ ਅਕਾਲ ਪੁਰਖ ਦੇ ਚਰਨਾਂ ਵਿਚ ਅਰਦਾਸ ਕਰਦੀ ਹੈ ਕਿ ਵਿੱਛੜੀ ਆਤਮਾਂ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ਣ ਤੇ ਪਿੱਛੇ ਪਰਿਵਾਰਕ ਮੈਂਬਰਾਂ, ਰਿਸ਼ਤੇਦਾਰਾਂ, ਸਾਕ-ਸਬੰਧੀਆਂ ਨੂੰ ਭਾਣਾ ਮੰਨਣ ਦਾ ਬਲ ਪ੍ਰਦਾਨ ਕਰਨ।

---

ਦਫਤਰ:-**ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,**

ਤੇਜਾ ਸਿੰਘ ਸਮੁੰਦਰੀ ਹਾਲ, ਸ੍ਰੀ ਅੰਮ੍ਰਿਤਸਰ।

ਨੰਬਰ 23732

ਮਿਤੀ 14-03-2022

ਉਤਾਰਾ:
1. ਇੰਚਾਰਜ ਜੀ (ਰੀਕਾਰਡ ਬ੍ਰਾਂਚ), ਸ਼੍ਰੋਮਣੀ ਗੁ:ਪ੍ਰ:ਕਮੇਟੀ।
2. ਇੰਚਾਰਜ ਜੀ (ਗੁ: ਗਜ਼ਟ), ਸ਼੍ਰੋਮਣੀ ਗੁ:ਪ੍ਰ:ਕਮੇਟੀ।
3. ਸਬੰਧਤਾ ਪਾਸ

-ਪਾਸ ਗਿਆਤ ਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

(ਮਹਿੰਦਰ ਸਿੰਘ)
**ਸਕੱਤਰ,**
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ
ਸ੍ਰੀ ਅੰਮ੍ਰਿਤਸਰ ਸਾਹਿਬ।

ੴ ਵਾਹਿਗੁਰੂ ਜੀ ਕੀ ਫਤਹ॥

**ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਮਿਤੀ 08-03-2022 (25 ਫੱਗਣ ਸੰਮਤ ਨਾਨਕਸ਼ਾਹੀ 553) ਦੇ ਮਤਾ ਨੰਬਰ 191 ਦੀ ਨਕਲ:-**

ਸਬ ਆਫਿਸ, ਸ਼੍ਰੋਮਣੀ ਗੁ:ਪ੍ਰ:ਕਮੇਟੀ, ਚੰਡੀਗੜ੍ਹ ਦੀ ਪੱਤ੍ਰਿਕਾ ਨੰਬਰ 2150/22/935 ਮਿਤੀ 04-02-2022 ਰਾਹੀਂ ਪ੍ਰਾਪਤ ਮੰਗ ਦੇ ਸਬੰਧ ਵਿੱਚ ਮਾਨਯੋਗ ਪੰਜਾਬ ਐਂਡ ਹਰਿਆਣਾ,ਚੰਡੀਗੜ੍ਹ ਵਿਖੇ ਕੇਸ ਭਾਈ ਬਲਵੰਤ ਸਿੰਘ ਰਾਜੋਆਣਾ ਬਨਾਮ ਯੂ.ਟੀ. ਚੰਡੀਗੜ੍ਹ ਵਿੱਚ ਇੱਕ ਦਿਨ ਦੀ ਜਮਾਨਤ ਕਰਵਾਉਣ ਲਈ ਪੈਰੋਕਾਰ ਵਕੀਲ ਵਿਵੇਕ ਕੁਮਾਰ ਠਾਕੁਰ ਦੀ ਫੀਸ 3,30,000/-ਅੱਖਰੀਂ ਤਿੰਨ ਲੱਖ ਤੀਹ ਹਜ਼ਾਰ ਰੁਪਏ ਕੇਵਲ ਦਾ ਭੁਗਤਾਨ ਅੰਤ੍ਰਿੰਗ ਕਮੇਟੀ ਦੀ ਪ੍ਰਵਾਨਗੀ ਦੀ ਆਸਪੁਰ ਕੀਤਾ ਗਿਆ ਹੈ, ਮਾਮਲਾ **ਪੇਸ਼ ਹੋਣ ਤੇ ਪ੍ਰਵਾਨ ਹੋਇਆ ਕਿ ਉਪਰੋਕਤ ਕੇਸ ਦੇ ਪੈਰੋਕਾਰ ਵਕੀਲ ਨੂੰ ਅੰਤ੍ਰਿੰਗ ਕਮੇਟੀ ਦੀ ਪ੍ਰਵਾਨਗੀ ਦੀ ਆਸ ਪੁਰ ਫੀਸ ਵੱਜੋਂ ਕੀਤੇ ਭੁਗਤਾਨ ਦੀ ਪੁਸ਼ਟੀ ਕੀਤੀ ਗਈ।**

---

ਦਫਤਰ:-**ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,**

ਤੇਜਾ ਸਿੰਘ ਸਮੁੰਦਰੀ ਹਾਲ, ਸ੍ਰੀ ਅੰਮ੍ਰਿਤਸਰ।

ਨੰਬਰ 23737

ਮਿਤੀ 14-03-2022

ਉਤਾਰਾ:

1. ਐਡੀ:ਸਕੱਤਰ ਜੀ, ਸਬ ਆਫਿਸ, ਸ਼੍ਰੋਮਣੀ ਗੁ:ਪ੍ਰ:ਕਮੇਟੀ,ਚੰਡੀਗੜ੍ਹ।
2. ਮੁੱਖ ਲੇਖਾਕਾਰ ਜੀ, ਸ਼੍ਰੋਮਣੀ ਗੁ:ਪ੍ਰ:ਕਮੇਟੀ।

-ਪਾਸ ਗਿਆਤ ਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

**(ਮਹਿੰਦਰ ਸਿੰਘ)**
**ਸਕੱਤਰ,**
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ
ਸ੍ਰੀ ਅੰਮ੍ਰਿਤਸਰ ਸਾਹਿਬ।

੧ੳ ਵਾਹਿਗੁਰੂ ਜੀ ਕੀ ਫਤਹ॥

**ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਮਿਤੀ 08-03-2022 (25 ਫੱਗਣ ਸੰਮਤ ਨਾਨਕਸ਼ਾਹੀ 553) ਦੇ ਮਤਾ ਨੰਬਰ 192 ਦੀ ਨਕਲ:-**

ਬੀਬੀ ਕਮਲਦੀਪ ਕੌਰ ਭੈਣ ਸ੍ਰ. ਬਲਵੰਤ ਸਿੰਘ ਰਾਜੋਆਣਾ ਵਾਸੀ ਮਕਾਨ ਨੰਬਰ 1394, ਗੁਰੂ ਅੰਗਦ ਦੇਵ ਨਗਰ (ਲੁਧਿਆਣਾ) ਨੂੰ ਮਾਨਯੋਗ ਪ੍ਰਧਾਨ ਸਾਹਿਬ ਵੱਲੋਂ ਅੰਤ੍ਰਿੰਗ ਕਮੇਟੀ ਦੀ ਪ੍ਰਵਾਨਗੀ ਦੀ ਆਸਪੁਰ "ਸ਼ਹੀਦੀ ਫੰਡ ਵਿਚੋਂ" 10,00,000/-ਅੱਖਰੀਂ ਦਸ ਲੱਖ ਰੁਪਏ ਕੇਵਲ ਦੀ ਪ੍ਰਵਾਨ ਹੋਈ ਸਹਾਇਤਾ ਦਾ ਭੁਗਤਾਨ ਕੀਤਾ ਗਿਆ ਹੈ, ਮਾਮਲਾ **ਪੇਸ਼ ਹੋਣ ਤੇ ਪ੍ਰਵਾਨ ਹੋਇਆ ਕਿ ਉਪਰੋਕਤ ਅਨੁਸਾਰ ਪ੍ਰਧਾਨ ਸਾਹਿਬ ਵੱਲੋਂ ਅੰਤ੍ਰਿੰਗ ਕਮੇਟੀ ਦੀ ਪ੍ਰਵਾਨਗੀ ਦੀ ਆਸਪੁਰ ਕੀਤੀ ਸਹਾਇਤਾ ਦੀ ਪੁਸ਼ਟੀ ਕੀਤੀ ਗਈ।**

---

ਦਫਤਰ:-**ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,**

ਤੇਜਾ ਸਿੰਘ ਸਮੁੰਦਰੀ ਹਾਲ, ਸ੍ਰੀ ਅੰਮ੍ਰਿਤਸਰ।

ਨੰਬਰ 23725

ਮਿਤੀ 14-03 -2022

ਉਤਾਰਾ: 1. ਮੁੱਖ ਲੇਖਾਕਾਰ ਜੀ, ਸ਼੍ਰੋਮਣੀ ਗੁ:ਪ੍ਰ:ਕਮੇਟੀ।

-ਪਾਸ ਗਿਆਤ ਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

**(ਮਹਿੰਦਰ ਸਿੰਘ)**
**ਸਕੱਤਰ,**
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ
ਸ੍ਰੀ ਅੰਮ੍ਰਿਤਸਰ ਸਾਹਿਬ।

ੴ ਵਾਹਿਗੁਰੂ ਜੀ ਕੀ ਫਤਹ॥

**ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਮਿਤੀ 08-03-2022 (25 ਫੱਗਣ ਸੰਮਤ ਨਾਨਕਸ਼ਾਹੀ 553) ਦੇ ਮਤਾ ਨੰਬਰ 203 ਦੀ ਨਕਲ:-**

ਸ੍ਰ. ਸੁਖਵਿੰਦਰ ਸਿੰਘ ਆਰਮੀ ਨੰਬਰ 3381877 ਸਪੁੱਤਰ (ਸ੍ਰ. ਅਰਜਨ ਸਿੰਘ) ਵਾਸੀ ਪਿੰਡ ਘੁਡਾਣੀ ਕਲਾਂ, ਤਹਿਸੀਲ ਪਾਇਲ (ਲੁਧਿਆਣਾ) ਜੋ 12 ਜੂਨ 1984 ਤੋਂ 29 ਦਸੰਬਰ 1984 ਤੀਕ ਕੁੱਲ 201 ਦਿਨ ਫੌਜ ਦੀ ਹਿਰਾਸਤ ਰਹਿਣ ਕਾਰਨ, ਸ਼੍ਰੋਮਣੀ ਗੁ:ਪ੍ਰ:ਕਮੇਟੀ ਵੱਲੋਂ ਧਰਮੀ ਫੌਜੀਆਂ ਨੂੰ ਦਿੱਤੀ ਜਾਣ ਵਾਲੀ ਸਹਾਇਤਾ 50,000/- ਅੱਖਰੀਂ ਪੰਜਾਹ ਹਜ਼ਾਰ ਰੁਪਏ ਦੀ ਲੈਣ ਦੀ ਕੀਤੀ ਮੰਗ ਦਾ ਮਾਮਲਾ, **ਪੇਸ਼ ਹੋਣ ਤੇ ਪ੍ਰਵਾਨ ਹੋਇਆ ਕਿ ਸ੍ਰ.ਸੁਖਵਿੰਦਰ ਸਿੰਘ ਆਰਮੀ ਨੰਬਰ 3381877 ਸਪੁੱਤਰ (ਸ੍ਰ. ਅਰਜਨ ਸਿੰਘ) ਨੂੰ ਧਰਮੀ ਫੌਜੀ ਹੋਣ ਕਾਰਨ ਸ਼੍ਰੋਮਣੀ ਗੁ:ਪ੍ਰ:ਕਮੇਟੀ ਦੇ "ਸ਼ਹੀਦੀ ਫੰਡ" ਵਿਚੋਂ 50,000/-ਅੱਖਰੀਂ ਪੰਜਾਹ ਹਜ਼ਾਰ ਰੁਪਏ ਕੇਵਲ ਸਹਾਇਤਾ ਦੇਣ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।**

---

## ਦਫਤਰ:-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,

ਤੇਜਾ ਸਿੰਘ ਸਮੁੰਦਰੀ ਹਾਲ, ਸ੍ਰੀ ਅੰਮ੍ਰਿਤਸਰ।

ਨੰਬਰ 23730

ਮਿਤੀ 14-03 -2022

ਉਤਾਰਾ: 1. ਮੁੱਖ ਲੇਖਾਕਾਰ ਜੀ, ਸ਼੍ਰੋਮਣੀ ਗੁ:ਪ੍ਰ:ਕਮੇਟੀ।

-ਪਾਸ ਗਿਆਤ ਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

(ਮਹਿੰਦਰ ਸਿੰਘ)
**ਸਕੱਤਰ,**
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ
ਸ੍ਰੀ ਅੰਮ੍ਰਿਤਸਰ ਸਾਹਿਬ।

ੴ ਵਾਹਿਗੁਰੂ ਜੀ ਕੀ ਫਤਹ॥

**ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਮਿਤੀ 08-03-2022 (25 ਫੱਗਣ ਸੰਮਤ ਨਾਨਕਸ਼ਾਹੀ 553) ਦੇ ਮਤਾ ਨੰਬਰ 215 ਦੀ ਨਕਲ:-**

ਸੁਪਰਵਾਈਜਰ, ਸਬ-ਆਫਿਸ, ਸ਼੍ਰੋਮਣੀ ਗੁ:ਪ੍ਰ:ਕਮੇਟੀ, ਚੰਡੀਗੜ੍ਹ ਦੀ ਪੱਤ੍ਰਿਕਾ ਨੰਬਰ 2160/22, ਮਿਤੀ 7-02-2022 ਰਾਹੀਂ ਭਾਈ ਬਲਵੰਤ ਸਿੰਘ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਨਾਲ ਸਬੰਧਤ ਸੁਪਰੀਮ ਕੋਰਟ ਵਿਖੇ ਚੱਲ ਰਹੇ ਕੇਸ ਦੀ ਪੈਰਵਾਈ ਕਰ ਰਹੇ ਐਡਵੋਕੇਟ ਸ੍ਰੀ ਵਿਵੇਕ ਕੁਮਾਰ ਠਾਕੁਰ ਦੀ ਫੀਸ 5,50,000/-ਅੱਖਰੀਂ ਪੰਜ ਲੱਖ ਪੰਜਾਹ ਹਜ਼ਾਰ ਰੁਪਏ ਕੇਵਲ ਅਦਾ ਕਰਨ ਦਾ ਮਾਮਲਾ, **ਪੇਸ਼ ਹੋਣ ਤੇ ਪ੍ਰਵਾਨ ਹੋਇਆ ਕਿ ਭਾਈ ਬਲਵੰਤ ਸਿੰਘ ਰਾਜੋਆਣਾ ਕੇਸ ਦੇ ਪੈਰੋਕਾਰ ਵਕੀਲ ਸ੍ਰੀ ਵਿਵੇਕ ਕੁਮਾਰ ਠਾਕੁਰ ਦੀ ਬਣਦੀ ਫੀਸ 5,50,000/-ਅੱਖਰੀਂ ਪੰਜ ਲੱਖ ਪੰਜਾਹ ਹਜ਼ਾਰ ਰੁਪਏ ਕੇਵਲ "ਮੁਕੱਦਮੇ ਖਾਤੇ ਫੰਡਾਂ" ਵਿੱਚੋਂ ਅਦਾ ਕਰਨ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।**

---

ਦਫਤਰ:-**ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,**

ਤੇਜਾ ਸਿੰਘ ਸਮੁੰਦਰੀ ਹਾਲ, ਸ੍ਰੀ ਅੰਮ੍ਰਿਤਸਰ।

ਨੰਬਰ 23742

ਮਿਤੀ 14-03-2022

ਉਤਾਰਾ:
1. ਮੀਤ ਸਕੱਤਰ ਜੀ, ਸਬ ਆਫਿਸ, ਸ਼੍ਰੋਮਣੀ ਗੁ:ਪ੍ਰ:ਕਮੇਟੀ, ਚੰਡੀਗੜ੍ਹ।
2. ਮੁੱਖ ਲੇਖਾਕਾਰ ਜੀ, ਸ਼੍ਰੋਮਣੀ ਗੁ:ਪ੍ਰ:ਕਮੇਟੀ।

-ਪਾਸ ਗਿਆਤ ਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

(ਮਹਿੰਦਰ ਸਿੰਘ)
ਸਕੱਤਰ,
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ
ਸ੍ਰੀ ਅੰਮ੍ਰਿਤਸਰ ਸਾਹਿਬ।

ੴ ਵਾਹਿਗੁਰੂ ਜੀ ਕੀ ਫਤਹਿ॥

**ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਮਿਤੀ 08-03-2022 (25 ਫੱਗਣ ਸੰਮਤ ਨਾਨਕਸ਼ਾਹੀ 553) ਦੇ ਮਤਾ ਨੰਬਰ 216 ਦੀ ਨਕਲ:-**

ਪ੍ਰਧਾਨ ਯੂਥ ਅਕਾਲੀ ਦਲ (ਬਾਦਲ) ਜਿਲ੍ਹਾ ਅਨੰਤਨਾਗ (ਕਸ਼ਮੀਰ) ਵੱਲੋਂ ਪੱਤ੍ਰਿਕਾ ਨੰਬਰ 1193 ਮਿਤੀ 27-01-22 ਰਾਹੀਂ ਮੰਗ ਕੀਤੀ ਹੈ ਕਿ ਭਾਈ ਨਵਦੀਪ ਸਿੰਘ (ਸਪੁੱਤਰ ਸ੍ਰ. ਜੋਗਿੰਦਰ ਸਿੰਘ) ਵਾਸੀ ਚਿੱਠੀਸਿੰਘ ਪੁਰਾ, ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ, ਸ੍ਰੀ ਫਤਹਿਗੜ੍ਹ ਸਾਹਿਬ ਵਿਖੇ ਲਾਅ ਕਰ ਰਿਹਾ ਹੈ ਦੀ, ਬਣਦੀ ਕੋਰਸ ਅਤੇ ਹੋਸਟਲ ਦੀ ਕੁੱਲ ਫੀਸ 89,600/-ਅੱਖਰੀਂ ਉਨਾਨਵੇਂ ਹਜ਼ਾਰ ਛੇ ਸੌ ਰੁਪਏ ਕੇਵਲ ਮੁਆਫ ਕਰਨ ਦਾ ਮਾਮਲਾ, **ਪੇਸ਼ ਹੋਣ ਤੇ ਪ੍ਰਵਾਨ ਹੋਇਆ ਕਿ ਭਾਈ ਨਵਦੀਪ ਸਿੰਘ (ਸਪੁੱਤਰ ਸ੍ਰ. ਜੋਗਿੰਦਰ ਸਿੰਘ) ਨੂੰ ਸ਼੍ਰੋਮਣੀ ਗੁ:ਪ੍ਰ:ਕਮੇਟੀ ਦੇ ਸਹਾਇਤਾ "ਗਰੀਬ ਵਿਦਿਆਰਥੀਆਂ ਵਾਲੀ ਮੱਦ" ਵਿੱਚੋਂ 50% ਦੇ ਹਿਸਾਬ ਨਾਲ 44,800/-ਅੱਖਰੀਂ ਚੁਤਾਲੀ ਹਜ਼ਾਰ ਅੱਠ ਸੌ ਰੁਪਏ ਸਹਾਇਤਾ ਵਜੋਂ ਦੇਣ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।**

---

## ਦਫਤਰ:-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,

ਤੇਜਾ ਸਿੰਘ ਸਮੁੰਦਰੀ ਹਾਲ, ਸ੍ਰੀ ਅੰਮ੍ਰਿਤਸਰ।

ਨੰਬਰ 23890

ਮਿਤੀ 24-3 -2022

ਉਤਾਰਾ: 1. ਆਰ.ਕੇ. ਜੀ (ਸਹਾਇਤਾ-ਟਰੱਸਟ ਬ੍ਰਾਂਚ), ਸ਼੍ਰੋਮਣੀ ਗੁ:ਪ੍ਰ:ਕਮੇਟੀ।

-ਪਾਸ ਗਿਆਤ ਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

**(ਮਹਿੰਦਰ ਸਿੰਘ)**
**ਸਕੱਤਰ,**
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ
ਸ੍ਰੀ ਅੰਮ੍ਰਿਤਸਰ ਸਾਹਿਬ।

ੴ ਵਾਹਿਗੁਰੂ ਜੀ ਕੀ ਫਤਹ॥

**ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਮਿਤੀ 08-03-2022 (25 ਫੱਗਣ ਸੰਮਤ ਨਾਨਕਸ਼ਾਹੀ 553) ਦੇ ਮਤਾ ਨੰਬਰ 217 ਦੀ ਨਕਲ:-**

ਦਫ਼ਤਰ ਦੀ ਪੱਤ੍ਰਿਕਾ ਨੰ. 23505 ਮਿਤੀ 09-02-2022 ਅਨੁਸਾਰ ਆਈ.ਟੀ.ਵਿੰਗ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਗਠਿਤ ਸਬ-ਕਮੇਟੀ ਦੀ ਇਕੱਤਰਤਾ ਮਿਤੀ 11-02-2022 ਦੀ ਰੀਪੋਰਟ ਹੇਠ ਲਿਖੇ ਅਨੁਸਾਰ ਹੈ:-

1. ਸੰਸਥਾ ਨੂੰ ਲੋਕਾਂ ਤੱਕ ਲਿਜਾਣ ਵਾਸਤੇ ਮੀਡੀਆ ਸੈਂਟਰ, ਸਟੂਡੀਓ ਅਤੇ ਵੱਖਰਾ ਦਫ਼ਤਰ ਜਲਦ ਸਥਾਪਿਤ ਕੀਤਾ ਜਾਵੇ।
2. ਸਾਰੇ ਮੀਡੀਆ ਜਾਂ ਸੋਸਲ ਮੀਡੀਆ ਦੇ ਵਿੰਗਾਂ ਦਾ ਆਪਸੀ ਤਾਲਮੇਲ ਬਣਾਉਣ ਲਈ ਇੱਕ ਸਾਂਝੀ 'ਮੀਡੀਆ ਤਾਲਮੇਲ ਕਮੇਟੀ' ਦਾ ਗਠਨ ਕੀਤਾ ਜਾਵੇ
3. ਸੋਸ਼ਲ ਮੀਡੀਆ ਦੀ ਬਿਹਤਰ ਕਾਰਗੁਜਾਰੀ ਨੂੰ ਉਸਾਰਨ ਲਈ ਤਕਨੀਕੀ ਮਾਹਿਰ, ਸਿੱਖ ਵਿਦਵਾਨਾਂ ਮੀਡੀਆ ਦੀਆ ਪ੍ਰਮੁੱਖ ਸਖਸ਼ੀਅਤਾਂ ਨੂੰ ਸ਼ਾਮਲ ਕਰਕੇ ਰਾਏ ਅਤੇ ਸੁਝਾਅ ਪ੍ਰਾਪਤ ਕਰਨ ਲਈ ਦਾਇਰੇ ਨੂੰ ਵਿਸ਼ਾਲ ਕੀਤਾ ਜਾਵੇ।
4. ਸ਼੍ਰੋਮਣੀ ਗੁ:ਪ੍ਰ:ਕਮੇਟੀ ਦੇ ਮੀਡੀਆ ਅਤੇ ਆਈ.ਟੀ.ਵਿੰਗ ਦੇ ਸਹਿਯੋਗ ਨਾਲ ਹਰ ਰੋਜ ਵੱਖ ਵੱਖ ਚਲੰਤ ਵਿਸ਼ਿਆ ਤੇ ਇਕ ਉਸਾਰੂ ਬਹਿਸ ਦਾ ਆਯੋਜਨ ਕੀਤਾ ਜਾਵੇ ਤਾਂ ਜੋ ਇਤਿਹਾਸਕ ਜਾਣਕਾਰੀ ਤੋਂ ਇਲਾਵਾਂ ਪੰਥਕ ਮੁੱਦੇ ਅਤੇ ਸ਼੍ਰੋਮਣੀ ਗੁ:ਪ੍ਰ:ਕਮੇਟੀ ਤੇ ਹੋਣ ਵਾਲੇ ਸਾਜਸੀ ਹਮਲਿਆਂ ਦਾ ਬਾਖੂਬੀ ਜਵਾਬ ਅਤੇ ਇਸਦੇ ਪਿਛੋਕੜ ਨੂੰ ਜੱਗ ਜਾਹਿਰ ਕੀਤਾ ਜਾ ਸਕੇ।
5. ਆਈ.ਟੀ.ਵਿੰਗ ਦੀ ਦਸ਼ਾ, ਦਿਸ਼ਾ ਅਤੇ ਕਾਰਗੁਜਾਰੀ ਸਬੰਧੀ ਨਿਯਮਾਂਵਾਲੀ/ਰੂਲ ਬੁੱਕ ਤਿਆਰ ਕੀਤੀ ਜਾਵੇ।
6. ਆਈ.ਟੀ.ਵਿੰਗ ਨੂੰ ਹਰ ਤਰ੍ਹਾਂ ਦਾ ਸਹਿਯੋਗ ਕਰਨ ਵਾਸਤੇ ਧਾਰਮਿਕ, ਪ੍ਰਬੰਧਕੀ ਢਾਂਚਾ ਅਤੇ ਵਿਸ਼ੇਸ ਕਰਕੇ ਸ਼੍ਰੋਮਣੀ ਗੁ:ਪ੍ਰ:ਕਮੇਟੀ ਦੇ ਸਤਿਕਾਰਤ ਮੈਂਬਰ ਸਾਹਿਬਾਨ ਦੇ ਪੂਰਨ ਸਹਿਯੋਗ ਦੀ ਵਚਨ ਬੱਧਤਾ ਯਕੀਨੀ ਬਣਾਈ ਜਾਵੇ।
7. ਰੋਜਾਨਾ ਸਵੇਰੇ ਜਾਂ ਸ਼ਾਮ ਸਿੱਖ ਕੌਮ ਨਾਲ ਸਬੰਧਤ ਵਾਪਰੇ ਘਟਨਾ ਕ੍ਰਮ ਨੂੰ ਪ੍ਰਮਾਣਿਕ ਰੂਪ ਵਿੱਚ ਸਿੱਖ ਜਗਤ ਤੱਕ ਪਹੁੰਚਾਉਣ ਲਈ ਸ਼੍ਰੋਮਣੀ ਖਬਰਾਂ ਜਾਂ ਸਿੱਖ ਖਬਰਾਂ ਦਾ ਇੱਕ ਬੁਲੇਟਿਨ ਤਿਆਰ ਕਰਕੇ ਪ੍ਰਸਾਰਿਤ ਕੀਤਾ ਜਾਵੇ।

**ਸਬ-ਕਮੇਟੀ ਦੀ ਸਿਫਾਰਸ਼ ਦਾ ਮਾਮਲਾ, ਪੇਸ਼ ਹੋਣ ਤੇ ਪ੍ਰਵਾਨ ਹੋਇਆ ਕਿ ਆਈ.ਟੀ.ਵਿੰਗ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਸਬ-ਕਮੇਟੀ ਦੀਆਂ ਉਪਰੋਕਤ ਕੀਤੀਆਂ ਸਿਫਾਰਸ਼ਾਂ ਪ੍ਰਵਾਨ ਕੀਤੀਆਂ ਜਾਂਦੀਆਂ ਹਨ।ਉਪਰੋਕਤ ਸਿਫਾਰਸ਼ਾਂ ਪੁਰ ਅਮਲ ਕਰਵਾਉਣ ਦੇ ਅਧਿਕਾਰ ਇੰਚਾਰਜ ਆਈ.ਟੀ.ਵਿਭਾਗ ਨੂੰ ਦਿੱਤੇ ਜਾਂਦੇ ਹਨ।**

---

ਦਫਤਰ:- **ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,**

ਤੇਜਾ ਸਿੰਘ ਸਮੁੰਦਰੀ ਹਾਲ, ਸ੍ਰੀ ਅੰਮ੍ਰਿਤਸਰ।

ਨੰਬਰ 23342

ਮਿਤੀ 13-3 -2022

ਉਤਾਰਾ:
1. ਮੀਤ ਸਕੱਤਰ ਜੀ, ਆਈ.ਟੀ.ਵਿੰਗ, ਸ਼੍ਰੋਮਣੀ ਗੁ:ਪ੍ਰ:ਕਮੇਟੀ।
2. ਇੰਚਾਰਜ ਜੀ, ਆਈ.ਟੀ.ਵਿੰਗ, ਸ਼੍ਰੋਮਣੀ ਗੁ:ਪ੍ਰ:ਕਮੇਟੀ।

-ਪਾਸ ਗਿਆਤ ਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

**(ਮਹਿੰਦਰ ਸਿੰਘ)**
**ਸਕੱਤਰ,**
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ
ਸ੍ਰੀ ਅੰਮ੍ਰਿਤਸਰ ਸਾਹਿਬ।

ੴ ਵਾਹਿਗੁਰੂ ਜੀ ਕੀ ਫ਼ਤਹਿ॥

**ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਮਿਤੀ 08-03-2022 (25 ਫੱਗਣ ਸੰਮਤ ਨਾਨਕਸ਼ਾਹੀ 553) ਦੇ ਮਤਾ ਨੰਬਰ 223 ਦੀ ਨਕਲ:-**

ਅੰਤ੍ਰਿੰਗ ਕਮੇਟੀ ਦੇ ਮਤਾ ਨੰਬਰ 75 ਮਿਤੀ 04-01-2019 ਰਾਹੀਂ ਗੁ: ਸ੍ਰੀ ਦੂਖ ਨਿਵਾਰਨ ਸਾਹਿਬ ਪਟਿਆਲਾ ਤੋਂ 10,000/-ਅੱਖਰੀਂ ਦਸ ਹਜ਼ਾਰ ਰੁਪਏ ਕੇਵਲ ਸਹਾਇਤਾ ਹਰ ਮਹੀਨੇ ਸ੍ਰ. ਬਲਵੰਤ ਸਿੰਘ ਜੀ ਰਾਜੋਆਣਾ ਨੂੰ ਜੇਲ੍ਹ ਵਿਚ ਰਿਹਾਅ ਹੋਣ ਤੀਕ ਅਦਾ ਕਰਨ ਦੀ ਪ੍ਰਵਾਨਗੀ ਹੋਈ ਹੈ। ਅਦਾ ਕੀਤੀ ਰਕਮ ਗੁ: ਸਾਹਿਬ ਦੇ ਨਾਮ ਲੱਗਦੇ ਫੰਡਾਂ ਵਿਚ ਐਡਜਸਟ ਕੀਤੀ ਜਾ ਰਹੀ ਹੈ ਦਾ ਮਾਮਲਾ ਪੁਨਰ ਵਿਚਾਰ ਲਈ ਪੇਸ਼ ਹੋਣ ਤੇ **ਪ੍ਰਵਾਨ ਕਿ ਭਾਈ ਬਲਵੰਤ ਸਿੰਘ ਜੀ ਰਾਜੋਆਣਾ ਨੂੰ ਜੇਲ੍ਹ ਤੋਂ ਰਿਹਾਅ ਹੋਣ ਤੀਕ ਗੁਰਦੁਆਰਾ ਸ੍ਰੀ ਦੂਖ ਨਿਵਾਰਨ ਸਾਹਿਬ, ਪਟਿਆਲਾ ਦੇ ਫੰਡਾਂ ਵਿੱਚੋਂ 20,000/-ਅੱਖਰੀਂ ਵੀਹ ਹਜ਼ਾਰ ਰੁਪਏ ਕੇਵਲ ਪ੍ਰਤੀ ਮਹੀਨਾ ਸਹਾਇਤਾ ਦੇਣ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ। ਅਦਾ ਕੀਤੀ ਗਈ ਰਕਮ ਗੁਰਦੁਆਰਾ ਸ੍ਰੀ ਦੂਖ ਨਿਵਾਰਨ ਸਾਹਿਬ, ਪਟਿਆਲਾ ਦੇ ਨਾਮ ਲੱਗਦੇ ਸ਼੍ਰੋਮਣੀ ਗੁ:ਪ੍ਰ:ਕਮੇਟੀ ਦੇ ਫੰਡਾਂ ਖਾਤੇ ਐਡਜਸਟ ਕਰ ਲਈ ਜਾਵੇ।**

---

ਦਫਤਰ:-**ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,**

ਤੇਜਾ ਸਿੰਘ ਸਮੁੰਦਰੀ ਹਾਲ, ਸ੍ਰੀ ਅੰਮ੍ਰਿਤਸਰ।

ਨੰਬਰ 23548

ਮਿਤੀ 29-03-2022

ਉਤਾਰਾ:
1. ਓ.ਐਸ.ਡੀ. ਜੀ (ਪ੍ਰਧਾਨ ਸਾਹਿਬ), ਸ਼੍ਰੋਮਣੀ ਗੁ:ਪ੍ਰ:ਕਮੇਟੀ।
2. ਮੁੱਖ ਲੇਖਾਕਾਰ ਜੀ, ਸ਼੍ਰੋਮਣੀ ਗੁ:ਪ੍ਰ:ਕਮੇਟੀ।
3. ਮੈਨੇਜਰ ਜੀ, ਗੁ:ਸ੍ਰੀ ਦੂਖ ਨਿਵਾਰਨ ਸਾਹਿਬ, ਪਟਿਆਲਾ।

-ਪਾਸ ਗਿਆਤ ਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

**(ਮਹਿੰਦਰ ਸਿੰਘ)**
**ਸਕੱਤਰ,**
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ
ਸ੍ਰੀ ਅੰਮ੍ਰਿਤਸਰ ਸਾਹਿਬ।

ੴ ਵਾਹਿਗੁਰੂ ਜੀ ਕੀ ਫਤਹ॥

**ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਮਿਤੀ 08-03-2022 (25 ਫੱਗਣ ਸੰਮਤ ਨਾਨਕਸ਼ਾਹੀ 553) ਦੇ ਮਤਾ ਨੰਬਰ 231 ਦੀ ਨਕਲ:-**

ਸਾਹਿਬਜਾਦਾ ਜੋਰਾਵਰ ਸਿੰਘ ਪਬਲਿਕ ਸਕੂਲ, ਨਡਾਲਾ (ਕਪੂਰਥਲਾ) ਵੱਲੋਂ ਮੰਗ ਪ੍ਰੁੱਜੀ ਹੈ ਕਿ ਹਾਕੀ, ਬਾਸਕਿਟਬਾਲ ਦੀਆਂ ਖਿਡਾਰਨਾਂ ਨੂੰ ਦਿੱਤੀਆਂ ਗਈਆਂ ਕਿਤਾਬਾਂ, ਕਾਪੀਆਂ ਦੀ ਰਕਮ 50180/-ਅੱਖਰੀਂ ਪੰਜਾਹ ਹਜ਼ਾਰ ਇੱਕ ਸੌ ਅੱਸੀ ਰੁਪਏ ਦੀ ਪ੍ਰਵਾਨਗੀ ਲਈ ਮਾਮਲਾ **ਪੇਸ਼ ਹੋਣ ਤੇ ਪ੍ਰਵਾਨ ਹੋਇਆ ਕਿ ਖਿਡਾਰਨਾਂ ਨੂੰ ਦਿੱਤੀਆਂ ਗਈਆਂ ਕਿਤਾਬਾਂ, ਕਾਪੀਆਂ ਦੀ ਰਕਮ 50180/-ਅੱਖਰੀਂ ਪੰਜਾਹ ਹਜ਼ਾਰ ਇੱਕ ਸੌ ਅੱਸੀ ਰੁਪਏ ਸਪੋਰਟਸ ਫੰਡ ਸ਼੍ਰੋਮਣੀ ਗੁ:ਪ੍ਰ:ਕਮੇਟੀ ਵਿਚੋਂ ਅਦਾ ਕਰਨ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।**

---

ਦਫਤਰ:-**ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,**

ਤੇਜਾ ਸਿੰਘ ਸਮੁੰਦਰੀ ਹਾਲ, ਸ੍ਰੀ ਅੰਮ੍ਰਿਤਸਰ।

ਨੰਬਰ 23723 ਮਿਤੀ 14-03 -2022

ਉਤਾਰਾ:
1. ਮੀਤ ਸਕੱਤਰ ਜੀ (ਖੇਡਾਂ) ਸ਼੍ਰੋਮਣੀ ਗੁ:ਪ੍ਰ:ਕਮੇਟੀ।
2. ਮੁੱਖ ਲੇਖਾਕਾਰ ਜੀ, ਸ਼੍ਰੋਮਣੀ ਗੁ:ਪ੍ਰ:ਕਮੇਟੀ।
3. ਸੁਪਰਵਾਈਜਰ ਜੀ, ਖੇਡਾਂ, ਸ਼੍ਰੋਮਣੀ ਗੁ:ਪ੍ਰ:ਕਮੇਟੀ।
4. ਪ੍ਰਿੰਸੀਪਲ ਜੀ, ਜੋਰਾਵਰ ਸਿੰਘ ਪਬਲਿਕ ਸਕੂਲ, ਨਡਾਲਾ (ਕਪੂਰਥਲਾ)।

-ਖਾਸ ਗਿਆਤ ਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

**(ਮਹਿੰਦਰ ਸਿੰਘ)**
**ਸਕੱਤਰ,**
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ
ਸ੍ਰੀ ਅੰਮ੍ਰਿਤਸਰ ਸਾਹਿਬ।

ੴ ਵਾਹਿਗੁਰੂ ਜੀ ਕੀ ਫਤਹ॥

**ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਮਿਤੀ 08-03-2022 (25 ਫੱਗਣ ਸੰਮਤ ਨਾਨਕਸ਼ਾਹੀ 553) ਦੇ ਮਤਾ ਨੰਬਰ 235 ਦੀ ਨਕਲ:-**

ਭਾਈ ਬੇਅੰਤ ਸਿੰਘ ਸਪੁੱਤਰ ਸ੍ਰ. ਬਲਕਰਨ ਸਿੰਘ ਵਾਸੀ ਬਹਿਬਲ ਖੁਰਦ ਤਹਿਸੀਲ ਜੈਤੋਂ (ਫਰੀਦਕੋਟ) ਨੇ ਬਹਿਬਲ ਕਲਾਂ ਵਿਖੇ ਸਿੱਖ ਸੰਗਤਾਂ ਵੱਲੋਂ ਕੀਤੇ ਗਏ ਰੋਸ ਪ੍ਰਦਰਸ਼ਨ ਸਮੇਂ ਪੁਲਿਸ ਦੀ ਗੋਲੀ ਨਾਲ ਬੁਰੀ ਤਰ੍ਹਾਂ ਜਖਮੀ ਹੋਣ ਦਾ ਹਵਾਲਾ ਦੇਂਦਿਆਂ ਸਹਾਇਤਾ ਦੀ ਪ੍ਰੁੱਜੀ ਮੰਗ ਦਾ ਮਾਮਲਾ, **ਪੇਸ਼ ਹੋਣ ਤੇ ਪ੍ਰਵਾਨ ਹੋਇਆ ਕਿ ਭਾਈ ਬੇਅੰਤ ਸਿੰਘ ਸਪੁੱਤਰ ਸ੍ਰ. ਬਲਕਰਨ ਸਿੰਘ ਨੂੰ ਧਰਮ ਅਰਥ ਫੰਡ ਵਿਚੋਂ ਪੰਜਾਹ ਹਜ਼ਾਰ ਰੁਪਏ ਸਹਾਇਤਾ ਦੇਣ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।**

---

ਦਫਤਰ:- **ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,**

ਤੇਜਾ ਸਿੰਘ ਸਮੁੰਦਰੀ ਹਾਲ, ਸ੍ਰੀ ਅੰਮ੍ਰਿਤਸਰ।

ਨੰਬਰ 23720 ਮਿਤੀ 15-3 -2022

ਉਤਾਰਾ: 1. ਆਰ. ਕੇ ਜੀ (ਸਹਾਇਤਾ) ਟਰੱਸਟ ਬ੍ਰਾਂਚ, ਸ਼੍ਰੋਮਣੀ ਗੁ:ਪ੍ਰ:ਕਮੇਟੀ।

-ਪਾਸ ਗਿਆਤ ਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

**(ਮਹਿੰਦਰ ਸਿੰਘ)**
**ਸਕੱਤਰ,**
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ
ਸ੍ਰੀ ਅੰਮ੍ਰਿਤਸਰ ਸਾਹਿਬ।

ੴ ਵਾਹਿਗੁਰੂ ਜੀ ਕੀ ਫਤਹ॥

**ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਮਿਤੀ 08-03-2022 (25 ਫੱਗਣ ਸੰਮਤ ਨਾਨਕਸ਼ਾਹੀ 553) ਦੇ ਮਤਾ ਨੰਬਰ 237 ਦੀ ਨਕਲ:-**

ਬੀਬੀ ਸੁਰਜੀਤ ਕੌਰ ਪਿੰਡ ਆਰਫਕੇ (ਫਿਰੋਜਪੁਰ) ਵੱਲੋਂ ਆਪਣੇ ਪਿਤਾ ਜੀ ਭਾਈ ਦੁਰਗਾ ਸਿੰਘ ਨੂੰ 1984 ਵਿੱਚ ਸੰਤ ਜਰਨੈਲ ਸਿੰਘ ਜੀ ਭਿੰਡਰਾਂਵਾਲਿਆਂ ਦੇ ਨਾਲ ਰਹੇ ਹੋਣ ਕਰਕੇ ਗੁਰਦੁਆਰਾ ਸ਼ਹੀਦਾਂ ਸਾਹਿਬ ਤੋਂ ਗ੍ਰਿਫਤਾਰ ਕਰਕੇ ਦਿਆਲਪੁਰ ਲਿਜਾ ਕੇ ਮੁਕਾਬਲਾ ਬਣਾ ਕੇ ਸ਼ਹੀਦ ਕਰ ਦਿੱਤਾ ਦੱਸਿਆ ਗਿਆ। ਇਨ੍ਹਾਂ ਦੇ ਪੁੱਤਰ ਸ੍ਰ. ਕੁਲਵੀਰ ਸਿੰਘ ਦੀ ਨਜ਼ਰ ਨਾ ਹੋਣ ਕਾਰਨ ਸਹਾਇਤਾ ਲਈ ਕੀਤੀ ਮੰਗ ਦਾ ਮਾਮਲਾ, **ਪੇਸ਼ ਹੋਣ ਤੇ ਪ੍ਰਵਾਨ ਹੋਇਆ ਕਿ ਬੀਬੀ ਸੁਰਜੀਤ ਕੌਰ ਪਿੰਡ ਆਰਫਕੇ ਨੂੰ ਧਰਮ ਅਰਥ ਫੰਡ ਵਿਚੋਂ 30,000/-ਅੱਖਰੀਂ ਤੀਹ ਹਜ਼ਾਰ ਰੁਪਏ ਕੇਵਲ ਸਹਾਇਤਾ ਦੇਣ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।**

---

ਦਫਤਰ:-**ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,**

ਤੇਜਾ ਸਿੰਘ ਸਮੁੰਦਰੀ ਹਾਲ, ਸ੍ਰੀ ਅੰਮ੍ਰਿਤਸਰ।

ਨੰਬਰ 23785

ਮਿਤੀ 21 - 3 -2022

ਉਤਾਰਾ:
1. ਮੁੱਖ ਲੇਖਾਕਾਰ ਜੀ, ਸ਼੍ਰੋਮਣੀ ਗੁ:ਪ੍ਰ:ਕਮੇਟੀ।
2. ਆਰ. ਕੇ ਜੀ (ਸਹਾਇਤਾ) ਟਰੱਸਟ ਬ੍ਰਾਂਚ, ਸ਼੍ਰੋਮਣੀ ਗੁ:ਪ੍ਰ:ਕਮੇਟੀ।

-ਪਾਸ ਗਿਆਤ ਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

**(ਮਹਿੰਦਰ ਸਿੰਘ)**
**ਸਕੱਤਰ,**
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ
ਸ੍ਰੀ ਅੰਮ੍ਰਿਤਸਰ ਸਾਹਿਬ।

ੴ ਵਾਹਿਗੁਰੂ ਜੀ ਕੀ ਫਤਹ॥

**ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਮਿਤੀ 08-03-2022 (25 ਫੱਗਣ ਸੰਮਤ ਨਾਨਕਸ਼ਾਹੀ 553) ਦੇ ਮਤਾ ਨੰਬਰ 243 ਦੀ ਨਕਲ:-**

ਮੈਨੇਜਰ, ਗੁਰਦੁਆਰਾ ਬੀੜ ਬਾਬਾ ਬੁੱਢਾ ਸਾਹਿਬ, ਠੱਠਾ (ਤਰਨ ਤਾਰਨ) ਵੱਲੋਂ ਭਾਈ ਨਿਰਵੈਲ ਸਿੰਘ-ਅਖੰਡਪਾਠੀ ਜੋ ਪਿਛਲੇ ਦਿਨੀਂ ਦਿੱਲ ਦਾ ਦੌਰਾ ਪੈ ਜਾਣ ਕਰਕੇ ਸਵਰਗਵਾਸ ਹੋ ਗਏ ਹਨ ਦੇ ਪਰਿਵਾਰ ਨੂੰ ਆਰਥਿਕ ਸਹਾਇਤਾ ਦੇਣ ਦੀ ਪ੍ਰੰਜੀ ਮੰਗ ਦਾ ਮਾਮਲਾ, **ਪੇਸ਼ ਹੋਣ ਤੇ ਪ੍ਰਵਾਨ ਹੋਇਆ ਕਿ ਸਵਰਗਵਾਸੀ ਭਾਈ ਨਿਰਵੈਲ ਸਿੰਘ-ਅਖੰਡਪਾਠੀ ਦੀ ਵਾਰਿਸ ਸੁਪੱਤਨੀ ਬੀਬੀ ਰਾਜਬੀਰ ਕੌਰ ਨੂੰ ਧਰਮ ਅਰਥ ਫੰਡ, ਸ਼੍ਰੋਮਣੀ ਗੁ:ਪ੍ਰ:ਕਮੇਟੀ ਵਿੱਚੋਂ 25,000/-ਅੱਖਰੀਂ ਪੱਚੀ ਹਜ਼ਾਰ ਰੁਪਏ ਸਹਾਇਤਾ ਦੇਣ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।**

---

ਦਫਤਰ:-**ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,**

ਤੇਜਾ ਸਿੰਘ ਸਮੁੰਦਰੀ ਹਾਲ, ਸ੍ਰੀ ਅੰਮ੍ਰਿਤਸਰ।

ਨੰਬਰ 33925

ਮਿਤੀ 26-3 -2022

ਉਤਾਰਾ:
1. ਮੈਨੇਜਰ ਜੀ, ਗੁਰਦੁਆਰਾ ਬੀੜ ਬਾਬਾ ਬੁੱਢਾ ਸਾਹਿਬ, ਠੱਠਾ (ਤਰਨ ਤਾਰਨ)
2. ਆਰ.ਕੇ. ਜੀ (ਸਹਾਇਤਾ) ਟਰੱਸਟ ਬ੍ਰਾਂਚ।

-ਪਾਸ ਗਿਆਤ ਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

**(ਮਹਿੰਦਰ ਸਿੰਘ)**
**ਸਕੱਤਰ,**
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ
ਸ੍ਰੀ ਅੰਮ੍ਰਿਤਸਰ ਸਾਹਿਬ।

ੴ ਵਾਹਿਗੁਰੂ ਜੀ ਕੀ ਫਤਹ॥

**ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਮਿਤੀ 08-03-2022 (25 ਫੱਗਣ ਸੰਮਤ ਨਾਨਕਸ਼ਾਹੀ 553) ਦੇ ਮਤਾ ਨੰਬਰ 259 ਦੀ ਨਕਲ:-**

ਸ੍ਰ. ਜਗੀਰ ਸਿੰਘ ਸਪੁੱਤਰ ਸ੍ਰ. ਪਿਆਰਾ ਸਿੰਘ ਵਾਸੀ ਖਡੂਰ ਸਾਹਿਬ (ਤਰਨ ਤਾਰਨ) ਵੱਲੋਂ ਕੈਂਸਰ ਦੀ ਬਿਮਾਰੀ ਨਾਲ ਪੀੜਤ ਹੋਣ ਦੇ ਕਾਰਨ ਆਪਣਾ ਇਲਾਜ ਕਰਵਾਉਣ ਲਈ ਸਹਾਇਤਾ ਦੀ ਮੰਗ ਕੀਤੀ ਹੈ। ਸ੍ਰ. ਬਲਵਿੰਦਰ ਸਿੰਘ ਵੇਈਂਪੁਈਂ ਮੈਂਬਰ ਅੰਤ੍ਰਿੰਗ ਕਮੇਟੀ ਦੀ ਸਿਫਾਰਸ਼ ਅੰਕਿਤ ਹੈ, ਪ੍ਰੁੱਜੀ ਮੰਗ ਦਾ **ਮਾਮਲਾ ਪ੍ਰਧਾਨ ਸਾਹਿਬ ਦੀ ਆਗਿਆ ਅਤੇ ਇਕੱਤਰਤਾ ਵਿੱਚ ਹਾਜ਼ਰ ਮੈਂਬਰ ਸਾਹਿਬਾਨ ਦੀ ਸੰਮਤੀ ਨਾਲ ਪੇਸ਼ ਹੋਣ ਤੇ ਪ੍ਰਵਾਨ ਹੋਇਆ ਕਿ ਸ੍ਰ. ਜਗੀਰ ਸਿੰਘ (ਸਪੁੱਤਰ ਸ੍ਰ. ਪਿਆਰਾ ਸਿੰਘ) ਪਿੰਡ ਖਡੂਰ ਸਾਹਿਬ ਨੂੰ ਧਰਮ ਅਰਥ ਫੰਡ ਵਿੱਚੋਂ 20,000/-ਅੱਖਰੀਂ ਵੀਹ ਹਜ਼ਾਰ ਰੁਪਏ ਸਹਾਇਤਾ ਦੇਣ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।**

---

ਦਫਤਰ:-**ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,**

ਤੇਜਾ ਸਿੰਘ ਸਮੁੰਦਰੀ ਹਾਲ, ਸ੍ਰੀ ਅੰਮ੍ਰਿਤਸਰ।

ਨੰਬਰ 83787 ਮਿਤੀ 21-3-2022

ਉਤਾਰਾ: 1. ਆਰ. ਕੇ ਜੀ (ਸਹਾਇਤਾ) ਟਰੱਸਟ ਬ੍ਰਾਂਚ, ਸ਼੍ਰੋਮਣੀ ਗੁ:ਪ੍ਰ:ਕਮੇਟੀ।

-ਪਾਸ ਗਿਆਤ ਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

**(ਮਹਿੰਦਰ ਸਿੰਘ)**
**ਸਕੱਤਰ,**
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ
ਸ੍ਰੀ ਅੰਮ੍ਰਿਤਸਰ ਸਾਹਿਬ।

ੴ ਵਾਹਿਗੁਰੂ ਜੀ ਕੀ ਫਤਹ॥

**ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਮਿਤੀ 08-03-2022 (25 ਫੱਗਣ ਸੰਮਤ ਨਾਨਕਸ਼ਾਹੀ 553) ਦੇ ਮਤਾ ਨੰਬਰ 260 ਦੀ ਨਕਲ:-**

ਸ੍ਰ. ਰਮਨਦੀਪ ਸਿੰਘ (ਸਪੁੱਤਰ ਸ੍ਰ. ਨਿਰਪਿੰਦਰ ਸਿੰਘ) ਵਾਸੀ ਮਹੁੱਲਾ ਸਿੰਘਪੁਰਾ, ਪਿੰਡ ਤੇ ਡਾਕ: ਬੱਸੀ ਪਠਾਣਾ, ਜਿਲ੍ਹਾ ਫਤਹਿਗੜ੍ਹ ਸਾਹਿਬ ਵੱਲੋਂ (RSS) ਦੇ ਮੁਖੀ ਰੁਲਦਾ ਸਿੰਘ ਦੀ ਹੱਤਿਆਂ ਵਿੱਚ ਨਾਮਜਦ ਹੋਣ ਤੇ ਵੱਖ-ਵੱਖ ਕੇਸਾਂ ਵਿੱਚ ਜੇਲ੍ਹ ਕੱਟੀ ਹੋਣ ਦੇ ਕਾਰਨ ਘਰ ਦੀ ਹਾਲਤ ਕਮਜੋਰ ਹੋ ਜਾਣ ਕਾਰਨ ਆਰਥਿਕ ਮਦਦ ਲੈਣ ਲਈ ਪ੍ਰੁੱਜੀ ਮੰਗ ਦਾ **ਮਾਮਲਾ ਪ੍ਰਧਾਨ ਸਾਹਿਬ ਦੀ ਆਗਿਆ ਅਤੇ ਇਕੱਤਰਤਾ ਵਿੱਚ ਹਾਜ਼ਰ ਮੈਂਬਰ ਸਾਹਿਬਾਨ ਦੀ ਸੰਮਤੀ ਨਾਲ ਪੇਸ਼ ਹੋਣ ਤੇ ਪ੍ਰਵਾਨ ਹੋਇਆ ਕਿ ਸ੍ਰ. ਰਮਨਦੀਪ ਸਿੰਘ (ਸਪੁੱਤਰ ਸ੍ਰ. ਨਿਰਪਿੰਦਰ ਸਿੰਘ) ਪਿੰਡ ਬੱਸੀ ਪਠਾਣਾ, ਜਿਲ੍ਹਾ ਫਤਹਿਗੜ੍ਹ ਸਾਹਿਬ ਨੂੰ ਧਰਮ ਅਰਥ ਫੰਡ ਵਿੱਚੋਂ 2,00,000/-ਅੱਖਰੀਂ ਦੋ ਲੱਖ ਰੁਪਏ ਸਹਾਇਤਾ ਦੇਣ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।**

---

ਦਫਤਰ:-**ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,**

ਤੇਜਾ ਸਿੰਘ ਸਮੁੰਦਰੀ ਹਾਲ, ਸ੍ਰੀ ਅੰਮ੍ਰਿਤਸਰ।

ਨੰਬਰ 23788

ਮਿਤੀ 21-3 -2022

ਉਤਾਰਾ: 1. ਆਰ. ਕੇ ਜੀ (ਸਹਾਇਤਾ) ਟਰੱਸਟ ਬ੍ਰਾਂਚ, ਸ਼੍ਰੋਮਣੀ ਗੁ:ਪ੍ਰ:ਕਮੇਟੀ।

-ਪਾਸ ਗਿਆਤ ਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

**(ਮਹਿੰਦਰ ਸਿੰਘ)**
**ਸਕੱਤਰ,**
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ
ਸ੍ਰੀ ਅੰਮ੍ਰਿਤਸਰ ਸਾਹਿਬ।

ੴ ਵਾਹਿਗੁਰੂ ਜੀ ਕੀ ਫਤਹ॥

**ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਮਿਤੀ 08-03-2022 (25 ਫੱਗਣ ਸੰਮਤ ਨਾਨਕਸ਼ਾਹੀ 553) ਦੇ ਮਤਾ ਨੰਬਰ 261 ਦੀ ਨਕਲ:-**

ਸ੍ਰ. ਗੁਰਪ੍ਰੀਤ ਸਿੰਘ (ਸਪੁੱਤਰ ਸ੍ਰ. ਜਗਦੀਸ ਸਿੰਘ) ਪਿੰਡ ਸ਼ਹਾਬਪੁਰ, ਡਾਕਘਰ ਤੇ ਤਹਿਸੀਲ ਬਟਾਲਾ (ਗੁਰਦਾਸਪੁਰ) ਵੱਲੋਂ ਕੈਂਸਰ ਦੀ ਬਿਮਾਰੀ ਤੋਂ ਪੀੜਤ ਹੋਣ ਕਾਰਨ ਆਪਣਾ ਇਲਾਜ ਕਰਵਾਉਣ ਲਈ ਸਹਾਇਤਾ ਲੈਣ ਦੀ ਮੰਗ ਕੀਤੀ ਹੈ। ਸ੍ਰ. ਗੁਰਿੰਦਰਪਾਲ ਸਿੰਘ ਮੈਂਬਰ ਅੰਤ੍ਰਿੰਗ ਕਮੇਟੀ ਦੀ ਸਿਫਾਰਸ਼ ਅੰਕਿਤ ਹੈ। ਪੁੱਜੀ ਮੰਗ ਦਾ ਮਾਮਲਾ, ਪੇਸ਼ ਹੋਣ ਤੇ **ਪ੍ਰਵਾਨ ਹੋਇਆ ਕਿ ਸ੍ਰ. ਗੁਰਪ੍ਰੀਤ ਸਿੰਘ (ਸਪੁੱਤਰ ਸ੍ਰ. ਜਗਦੀਸ ਸਿੰਘ) ਪਿੰਡ ਸ਼ਹਾਬਪੁਰ, ਡਾਕਘਰ ਤੇ ਤਹਿਸੀਲ ਬਟਾਲਾ (ਗੁਰਦਾਸਪੁਰ) ਨੂੰ ਧਰਮ ਅਰਥ ਫੰਡ, ਸ਼੍ਰੋਮਣੀ ਗੁ:ਪ੍ਰ:ਕਮੇਟੀ ਵਿੱਚੋਂ 20,000/-ਅੱਖਰੀਂ ਵੀਹ ਹਜ਼ਾਰ ਰੁਪਏ ਕੇਵਲ ਸਹਾਇਤਾ ਦੇਣ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।**

---

ਦਫਤਰ:-**ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,**

ਤੇਜਾ ਸਿੰਘ ਸਮੁੰਦਰੀ ਹਾਲ, ਸ੍ਰੀ ਅੰਮ੍ਰਿਤਸਰ।

ਨੰਬਰ 23927 ਮਿਤੀ 26-3-2022

ਉਤਾਰਾ: 1. ਆਰ.ਕੇ. ਜੀ (ਸਹਾਇਤਾ) ਟਰੱਸਟ ਬ੍ਰਾਂਚ।

-ਪਾਸ ਗਿਆਤ ਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

(ਮਹਿੰਦਰ ਸਿੰਘ)
**ਸਕੱਤਰ,**
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ
ਸ੍ਰੀ ਅੰਮ੍ਰਿਤਸਰ ਸਾਹਿਬ।

ੴ ਵਾਹਿਗੁਰੂ ਜੀ ਕੀ ਫਤਹ॥

**ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਮਿਤੀ 08-03-2022 (25 ਫੱਗਣ ਸੰਮਤ ਨਾਨਕਸ਼ਾਹੀ 553) ਦੇ ਮਤਾ ਨੰਬਰ 262 ਦੀ ਨਕਲ:-**

ਦਫਤਰ, ਮਾਨਯੋਗ ਪ੍ਰਧਾਨ ਸਾਹਿਬ ਦੇ ਆਰਡਰ ਨੰਬਰ 123, ਮਿਤੀ 19-10-2021 ਰਾਹੀਂ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ, ਕਰਤਾਰਪੁਰ (ਪਾਕਿਸਤਾਨ) ਵਿਖੇ ਸਾਬਕਾ ਪ੍ਰਧਾਨ-ਬੀਬੀ ਜਗੀਰ ਕੌਰ ਜੀ ਨਾਲ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਦੋ ਰਾਗੀ ਜਥੇ ਭਾਈ ਗੁਰਕੀਰਤ ਸਿੰਘ ਅਤੇ ਭਾਈ ਸੁਰਿੰਦਰ ਸਿੰਘ ਨੇ ਕ੍ਰਮਵਾਰ 2,50,000/-, 2,50,000/- ਰੁਪਏ ਕੁੱਲ 5,00,000/-ਅੱਖਰੀਂ ਪੰਜ ਲੱਖ ਰੁਪਏ ਕੇਵਲ ਪੇਸ਼ਗੀ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ, ਕਰਤਾਰਪੁਰ (ਪਾਕਿਸਤਾਨ) ਵਿਖੇ ਗੁਰਦੁਆਰਾ ਪ੍ਰਬੰਧਕ ਕਮੇਟੀ, ਪਾਕਿਸਤਾਨ ਨੂੰ ਸਹਾਇਤਾ ਦੇ ਤੌਰ ਤੇ ਦਿੱਤੀ ਗਈ ਸੀ। ਉਕਤ ਰਕਮ ਸ਼੍ਰੋਮਣੀ ਗੁ:ਪ੍ਰ:ਕਮੇਟੀ ਦੇ **ਭਾਈਚਾਰਕ ਸੁਧਾਰ ਫੰਡ** ਖਾਤੇ ਜਮ੍ਹਾਂ/ਖਰਚ ਕਰਨ ਦੀ ਪ੍ਰਵਾਨਗੀ ਦੇਣ ਦਾ ਮਾਮਲਾ, **ਪ੍ਰਧਾਨ ਸਾਹਿਬ ਦੀ ਆਗਿਆ ਅਤੇ ਇਕੱਤਰਤਾ ਵਿੱਚ ਹਾਜ਼ਰ ਮੈਂਬਰ ਸਾਹਿਬਾਨ ਦੀ ਸੰਮਤੀ ਨਾਲ ਪੇਸ਼ ਹੋਣ ਤੇ ਪ੍ਰਵਾਨ ਹੋਇਆ ਕਿ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ, ਕਰਤਾਰਪੁਰ (ਪਾਕਿਸਤਾਨ) ਨੂੰ ਦਿੱਤੀ ਗਈ 5,00,000/-ਅੱਖਰੀਂ ਪੰਜ ਲੱਖ ਰੁਪਏ ਸਹਾਇਤਾ ਸ਼੍ਰੋਮਣੀ ਗੁ:ਪ੍ਰ:ਕਮੇਟੀ ਦੇ ਭਾਈਚਾਰਕ ਸੁਧਾਰ ਫੰਡ ਖਾਤੇ ਜਮ੍ਹਾਂ/ਖਰਚ ਕਰਨ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।**

---

ਦਫਤਰ:-**ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,**

ਤੇਜਾ ਸਿੰਘ ਸਮੁੰਦਰੀ ਹਾਲ, ਸ੍ਰੀ ਅੰਮ੍ਰਿਤਸਰ।

ਨੰਬਰ 83797 ਮਿਤੀ 21-3-2022

ਉਤਾਰਾ: 1. ਮੁੱਖ ਲੇਖਾਕਾਰ ਜੀ, ਸ਼੍ਰੋਮਣੀ ਗੁ:ਪ੍ਰ:ਕਮੇਟੀ।

-ਪਾਸ ਗਿਆਤ ਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

**(ਮਹਿੰਦਰ ਸਿੰਘ)**
**ਸਕੱਤਰ,**
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ
ਸ੍ਰੀ ਅੰਮ੍ਰਿਤਸਰ ਸਾਹਿਬ।

ੴ ਵਾਹਿਗੁਰੂ ਜੀ ਕੀ ਫਤਹ॥

**ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਮਿਤੀ 08-03-2022 (25 ਫੱਗਣ ਸੰਮਤ ਨਾਨਕਸ਼ਾਹੀ 553) ਦੇ ਮਤਾ ਨੰਬਰ 264 ਦੀ ਨਕਲ:-**

ਸ੍ਰ. ਹੁਸ਼ਿਆਰ ਸਿੰਘ (ਸਪੁੱਤਰ ਸ੍ਰ. ਸੁਰੈਣ ਸਿੰਘ) ਪਿੰਡ ਝੰਡਾ ਕਲਾਂ, ਤਹਿਸੀਲ ਸਰਦੂਲਗੜ੍ਹ ਜਿਲ੍ਹਾ ਮਾਨਸਾ ਵੱਲੋਂ ਸਿੱਖ ਪੰਥ ਵਿਰੋਧੀ ਸੌਦਾ ਸਾਧ ਤੇ 02 ਫਰਵਰੀ 2008 ਨੂੰ ਕਰਨਾਲ (ਹਰਿਆਣਾ) ਵਿਖੇ ਹੋਏ ਬੰਬ ਹਮਲੇ ਵਿੱਚ ਹਰਿਆਣਾ ਪੁਲਿਸ ਨੇ ਗ੍ਰਿਫਤਾਰ ਕਰਕੇ ਜੇਲ੍ਹ ਭੇਜ ਦਿੱਤਾ ਗਿਆ, ਜਿਸ ਦੀ ਸੈਸ਼ਨ ਅਦਾਲਤ ਕਰਨਾਲ ਨੇ ਪੰਜ ਸਾਲ ਸਜਾ ਸੁਣਾਈ ਗਈ। ਜਿਸ ਵਿੱਚ 8 ਮਹੀਨਿਆਂ ਤੋਂ ਬਾਅਦ ਜਮਾਨਤ ਤੇ ਰਿਹਾਅ ਹੋ ਗਿਆ। ਵਿਰੋਧੀ ਧਿਰ ਸੌਦਾ ਸਾਧ ਦੇ ਡੇਰੇ ਨੇ ਸੈਸ਼ਨ ਅਦਾਲਤ ਦੇ ਫੈਸਲੇ ਖਿਲਾਫ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਅਪੀਲ ਦਾਇਰ ਕਰ ਦਿੱਤੀ ਗਈ। ਕੇਸ ਦੀ ਪੈਰਵੀ ਸੀਨੀਅਰ ਐਡਵੋਕੇਟ ਵਿਜੇ ਕੁਮਾਰ ਜਿੰਦਲ ਵੱਲੋਂ ਕੀਤੀ ਜਾ ਰਹੀ ਹੈ।ਆਰਥਿਕ ਹਾਲਤ ਕਮਜੋਰ ਹੋਣ ਕਰਕੇ ਪੈਰਵੀ ਕਰ ਰਹੇ ਵਕੀਲ ਨੂੰ ਫੀਸ ਦੇਣ ਦਾ ਮਾਮਲਾ, **ਪ੍ਰਧਾਨ ਸਾਹਿਬ ਦੀ ਆਗਿਆ ਅਤੇ ਇਕੱਤਰਤਾ ਵਿੱਚ ਹਾਜ਼ਰ ਮੈਂਬਰ ਸਾਹਿਬਾਨ ਦੀ ਸੰਮਤੀ ਨਾਲ ਪੇਸ਼ ਹੋਣ ਤੇ ਪ੍ਰਵਾਨ ਹੋਇਆ ਕਿ ਸ੍ਰ. ਹੁਸ਼ਿਆਰ ਸਿੰਘ (ਸਪੁੱਤਰ ਸ੍ਰ. ਸੁਰੈਣ ਸਿੰਘ) ਪਿੰਡ ਝੰਡਾ ਕਲਾਂ, (ਮਾਨਸਾ) ਨੂੰ ਕੇਸ ਦੀ ਪੈਰਵਾਈ ਲਈ ਧਰਮ ਅਰਥ ਫੰਡ ਵਿੱਚੋਂ 1,00,000/-ਅੱਖਰੀਂ ਇੱਕ ਲੱਖ ਰੁਪਏ ਸਹਾਇਤਾ ਦੇਣ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।**

---

ਦਫਤਰ:-**ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,**

ਤੇਜਾ ਸਿੰਘ ਸਮੁੰਦਰੀ ਹਾਲ, ਸ੍ਰੀ ਅੰਮ੍ਰਿਤਸਰ।

ਨੰਬਰ 23789

ਮਿਤੀ 21 - 3 -2022

ਉਤਾਰਾ:
1. ਮੁੱਖ ਲੇਖਾਕਾਰ ਜੀ, ਸ਼੍ਰੋਮਣੀ ਗੁ:ਪ੍ਰ:ਕਮੇਟੀ।
2. ਆਰ. ਕੇ ਜੀ (ਸਹਾਇਤਾ) ਟਰੱਸਟ ਬ੍ਰਾਂਚ, ਸ਼੍ਰੋਮਣੀ ਗੁ:ਪ੍ਰ:ਕਮੇਟੀ।

-ਪਾਸ ਗਿਆਤ ਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

**(ਮਹਿੰਦਰ ਸਿੰਘ)**
**ਸਕੱਤਰ,**
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ
ਸ੍ਰੀ ਅੰਮ੍ਰਿਤਸਰ ਸਾਹਿਬ।

ੴ ਵਾਹਿਗੁਰੂ ਜੀ ਕੀ ਫਤਹ॥

**ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਮਿਤੀ 08-03-2022 (25 ਫੱਗਣ ਸੰਮਤ ਨਾਨਕਸ਼ਾਹੀ 553) ਦੇ ਮਤਾ ਨੰਬਰ 299 ਦੀ ਨਕਲ:-**

ਇੰਚਾਰਜ, ਸਿੱਖ ਮਿਸ਼ਨ ਦਿੱਲੀ ਦੀ ਪੱਤ੍ਰਿਕਾ ਨੰਬਰ 65, ਮਿਤੀ 07-03-2022 ਅਨੁਸਾਰ ਯੂਕਰੇਨ ਤੋਂ ਵਾਪਸ ਆ ਰਹੇ ਪੰਜਾਬ ਵਾਸੀਆਂ ਨੂੰ ਦਿੱਲੀ ਏਅਰਪੋਰਟ ਤੇ ਹੈਲਪ ਡੈਸਕ ਬਣਾ ਕੇ ਦਿੱਲੀ ਏਅਰਪੋਰਟ ਤੋਂ ਪੰਜਾਬ ਦੇ ਵੱਖ-ਵੱਖ ਜਿਲ੍ਹਿਆਂ ਵਿੱਚ ਪ੍ਰਾਈਵੇਟ ਬੱਸ ਰਾਹੀਂ ਪਹੁੰਚਾਉਣ ਅਤੇ ਏਅਰਪੋਰਟ ਤੇ ਪਾਰਕਿੰਗ ਫੀਸ ਆਦਿ ਪੁਰ ਹੋਣ ਵਾਲੇ ਸਮੂਹ ਖਰਚਿਆਂ ਦੀ ਪ੍ਰਵਾਨਗੀ ਦਾ ਮਾਮਲਾ, **ਪ੍ਰਧਾਨ ਸਾਹਿਬ ਦੀ ਆਗਿਆ ਅਤੇ ਇਕੱਤਰਤਾ ਵਿੱਚ ਹਾਜ਼ਿਰ ਮੈਂਬਰ ਸਾਹਿਬਾਨ ਦੀ ਸੰਮਤੀ ਨਾਲ ਪੇਸ਼ ਹੋਣ ਤੇ ਪ੍ਰਵਾਨ ਹੋਇਆ ਕਿ ਰੂਸ-ਯੂਕਰੇਨ ਯੁੱਧ ਕਾਰਨ, ਯੂਕਰੇਨ ਤੋਂ ਵਾਪਸ ਆ ਰਹੇ ਪੰਜਾਬ ਵਾਸੀਆਂ ਨੂੰ ਦਿੱਲੀ ਏਅਰਪੋਰਟ ਤੇ ਹੈਲਪ ਡੈਸਕ ਬਣਾ ਕੇ ਦਿੱਲੀ ਏਅਰਪੋਰਟ ਤੋਂ ਪੰਜਾਬ ਦੇ ਵੱਖ-ਵੱਖ ਜਿਲ੍ਹਿਆਂ ਵਿੱਚ ਪ੍ਰਾਈਵੇਟ ਬੱਸ ਰਾਹੀਂ ਪਹੁੰਚਾਉਣ ਅਤੇ ਏਅਰਪੋਰਟ ਤੇ ਪਾਰਕਿੰਗ ਫੀਸ ਆਦਿ ਪੁਰ ਹੋਣ ਵਾਲੇ ਸਮੂਹ ਖਰਚਿਆਂ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ। ਉਪਰੋਕਤ ਖਰਚ ਧਰਮ ਪ੍ਰਚਾਰ ਕਮੇਟੀ ਦੇ ਫੰਡਾਂ ਵਿੱਚੋਂ ਕੀਤੇ ਜਾਣਗੇ।**

---

ਦਫਤਰ:-**ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,**

ਤੇਜਾ ਸਿੰਘ ਸਮੁੰਦਰੀ ਹਾਲ, ਸ੍ਰੀ ਅੰਮ੍ਰਿਤਸਰ।

ਨੰਬਰ 23826

ਮਿਤੀ 23-3-2022

ਉਤਾਰਾ:
1. ਐਡੀ:ਸਕੱਤਰ ਜੀ, ਧਰਮ ਪ੍ਰਚਾਰ ਕਮੇਟੀ।
2. ਇੰਚਾਰਜ ਜੀ, ਸਿੱਖ ਮਿਸ਼ਨ ਦਿੱਲੀ, ਗੁਰਦੁਆਰਾ ਰਕਾਬ ਗੰਜ, ਨਵੀਂ ਦਿੱਲੀ।
3. ਲੇਖਾਕਾਰ ਜੀ, ਧਰਮ ਪ੍ਰਚਾਰ ਕਮੇਟੀ।

-ਪਾਸ ਗਿਆਤ ਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

**(ਮਹਿੰਦਰ ਸਿੰਘ)**
**ਸਕੱਤਰ,**
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ
ਸ੍ਰੀ ਅੰਮ੍ਰਿਤਸਰ ਸਾਹਿਬ।

ੴ ਵਾਹਿਗੁਰੂ ਜੀ ਕੀ ਫਤਹ॥

**ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਮਿਤੀ 08-03-2022 (25 ਫੱਗਣ ਸੰਮਤ ਨਾਨਕਸ਼ਾਹੀ 553) ਦੇ ਮਤਾ ਨੰਬਰ 300 ਦੀ ਨਕਲ:-**

ਪ੍ਰਿੰਸੀਪਲ, ਐਸ.ਜੀ.ਐਸ. ਖਾਲਸਾ ਸੀਨੀਅਰ ਸੈਕੰਡਰੀ ਸਕੂਲ, ਸ੍ਰੀ ਅਨੰਦਪੁਰ ਸਾਹਿਬ ਵੱਲੋਂ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਸ੍ਰੀ ਅਨੰਦਪੁਰ ਸਾਹਿਬ ਦੇ ਸਲਾਨਾ ਬਜਟ 2011-2012 ਅਤੇ 2012-2013 ਵਿੱਚ ਸਕੂਲ ਲਈ ਪਾਸ ਹੋਈ ਸਹਾਇਤਾ ਲੈਣ ਦੀ ਮੰਗ ਕੀਤੀ ਹੈ। ਪ੍ਰਿੰਸੀਪਲ ਸੁਰਿੰਦਰ ਸਿੰਘ-ਜੂਨੀਅਰ ਮੀਤ ਪ੍ਰਧਾਨ, ਸ਼੍ਰੋਮਣੀ ਗੁ:ਪ੍ਰ:ਕਮੇਟੀ ਵੱਲੋਂ ਸਹਾਇਤਾ ਦੇਣ ਦੀ ਕੀਤੀ ਸਿਫਾਰਸ਼ ਦਾ ਮਾਮਲਾ, **ਪ੍ਰਧਾਨ ਸਾਹਿਬ ਦੀ ਆਗਿਆ ਅਤੇ ਇਕੱਤਰਤਾ ਵਿੱਚ ਹਾਜ਼ਰ ਮੈਂਬਰ ਸਾਹਿਬਾਨ ਦੀ ਸੰਮਤੀ ਨਾਲ ਪੇਸ਼ ਹੋਣ ਤੇ ਪ੍ਰਵਾਨ ਹੋਇਆ ਕਿ ਐਸ.ਜੀ.ਐਸ. ਖਾਲਸਾ ਸੀਨੀਅਰ ਸੈਕੰਡਰੀ ਸਕੂਲ, ਸ੍ਰੀ ਅਨੰਦਪੁਰ ਸਾਹਿਬ ਨੂੰ ਚਾਲੂ ਮਾਲੀ ਸਾਲ ਦੌਰਾਨ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਸ੍ਰੀ ਅਨੰਦਪੁਰ ਸਾਹਿਬ ਦੇ ਫੰਡਾਂ ਵਿੱਚੋਂ 1,00,000/-ਅੱਖਰੀਂ ਇੱਕ ਲੱਖ ਰੁਪਏ ਸਹਾਇਤਾ ਦੇਣ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।**

---

ਦਫਤਰ:-**ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,**

ਤੇਜਾ ਸਿੰਘ ਸਮੁੰਦਰੀ ਹਾਲ, ਸ੍ਰੀ ਅੰਮ੍ਰਿਤਸਰ।

ਨੰਬਰ 23827

ਮਿਤੀ 23-3-2022

ਉਤਾਰਾ:
1. ਓ.ਐਸ.ਡੀ. ਜੀ (ਪ੍ਰਧਾਨ ਸਾਹਿਬ), ਸ਼੍ਰੋਮਣੀ ਗੁ:ਪ੍ਰ:ਕਮੇਟੀ।
2. ਮੈਨੇਜਰ ਸਾਹਿਬ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਸ੍ਰੀ ਅਨੰਦਪੁਰ ਸਾਹਿਬ।

-ਪਾਸ ਗਿਆਤ ਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

**(ਮਹਿੰਦਰ ਸਿੰਘ)**
**ਸਕੱਤਰ,**
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ
ਸ੍ਰੀ ਅੰਮ੍ਰਿਤਸਰ ਸਾਹਿਬ।

ੴ ਵਾਹਿਗੁਰੂ ਜੀ ਕੀ ਫਤਹ॥

**ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਮਿਤੀ 08-03-2022 (25 ਫੱਗਣ ਸੰਮਤ ਨਾਨਕਸ਼ਾਹੀ 553) ਦੇ ਮਤਾ ਨੰਬਰ 301 ਦੀ ਨਕਲ:-**

ਬੀਬੀ ਕੁਲਵਿੰਦਰ ਕੌਰ (ਸੁਪੱਤਨੀ ਸ. ਮਨਜਿੰਦਰ ਸਿੰਘ) ਪਿੰਡ ਕੋਟ ਦੁਸੰਧੀ ਮੱਲ, ਜਿਲ੍ਹਾ ਤਰਨ ਤਾਰਨ ਵੱਲੋਂ ਆਪਣੇ ਪਤੀ ਨੂੰ ਕੈਂਸਰ ਦੀ ਬਿਮਾਰੀ ਹੋਣ ਕਰਕੇ, ਆਪਣੇ ਬੱਚਿਆਂ ਬੇਟੀ ਸਮਰੀਨ ਕੌਰ, ਕਲਾਸ-ਅੱਠਵੀਂ, ਬੇਟੀ ਰਜਨਦੀਪ ਕੌਰ, ਕਲਾਸ-ਦੂਜੀ ਅਤੇ ਬੇਟਾ ਗਗਨਦੀਪ ਸਿੰਘ ਕਲਾਸ-ਯੂ.ਕੇ.ਜੀ. ਬਾਬਾ ਬੁੱਢਾ ਜੀ ਪਬਲਿਕ ਸੀਨੀਅਰ ਸੈਕੰਡਰੀ ਸਕੂਲ, ਠੱਠਾ (ਤਰਨ ਤਾਰਨ) ਦੀ ਫੀਸ ਵਾਸਤੇ ਸਹਾਇਤਾ ਲੈਣ ਦੀ ਮੰਗ ਕੀਤੀ ਹੈ ਦਾ ਮਾਮਲਾ, **ਪ੍ਰਧਾਨ ਸਾਹਿਬ ਦੀ ਆਗਿਆ ਅਤੇ ਇਕੱਤਰਤਾ ਵਿੱਚ ਹਾਜ਼ਿਰ ਮੈਂਬਰ ਸਾਹਿਬਾਨ ਦੀ ਸੰਮਤੀ ਨਾਲ ਪੇਸ਼ ਹੋਣ ਤੇ ਪ੍ਰਵਾਨ ਹੋਇਆ ਕਿ ਬੇਟੀ ਸਮਰੀਨ ਕੌਰ, ਕਲਾਸ-ਅੱਠਵੀਂ, ਬੇਟੀ ਰਜਨਦੀਪ ਕੌਰ, ਕਲਾਸ-ਦੂਜੀ ਅਤੇ ਬੇਟਾ ਗਗਨਦੀਪ ਸਿੰਘ ਕਲਾਸ-ਯੂ.ਕੇ.ਜੀ. ਬਾਬਾ ਬੁੱਢਾ ਜੀ ਪਬਲਿਕ ਸੀਨੀਅਰ ਸੈਕੰਡਰੀ ਸਕੂਲ, ਠੱਠਾ (ਤਰਨ ਤਾਰਨ) ਦੀ ਫੀਸ ਵਾਸਤੇ "ਸਹਾਇਤਾ ਗਰੀਬ ਵਿਦਿਆਰਥੀ ਫੰਡ" ਵਿੱਚੋਂ 10,000/-ਅੱਖਰੀਂ ਦਸ ਹਜ਼ਾਰ ਰੁਪਏ ਕੇਵਲ ਸਹਾਇਤਾ ਦੇਣ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।**

---

ਦਫਤਰ:-**ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,**

ਤੇਜਾ ਸਿੰਘ ਸਮੁੰਦਰੀ ਹਾਲ, ਸ੍ਰੀ ਅੰਮ੍ਰਿਤਸਰ।

ਨੰਬਰ 23828

ਮਿਤੀ 23-3-2022

ਉਤਾਰਾ:

1. ਪ੍ਰਿੰਸੀਪਲ ਜੀ, ਬਾਬਾ ਬੁੱਢਾ ਜੀ ਪਬਲਿਕ ਸੀਨੀਅਰ ਸੈਕੰਡਰੀ ਸਕੂਲ, ਠੱਠਾ (ਤਰਨ ਤਾਰਨ)
2. ਆਰ. ਕੇ ਜੀ (ਸਹਾਇਤਾ) ਟਰੱਸਟ ਬ੍ਰਾਂਚ, ਸ਼੍ਰੋਮਣੀ ਗੁ:ਪ੍ਰ:ਕਮੇਟੀ।

-ਧਾਮ ਗਿਆਤ ਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

**(ਮਹਿੰਦਰ ਸਿੰਘ)**

**ਸਕੱਤਰ,**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ

ਸ੍ਰੀ ਅੰਮ੍ਰਿਤਸਰ ਸਾਹਿਬ।

ੴ ਵਾਹਿਗੁਰੂ ਜੀ ਕੀ ਫਤਹ॥

**ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਮਿਤੀ 08-03-2022 (25 ਫੱਗਣ ਸੰਮਤ ਨਾਨਕਸ਼ਾਹੀ 553) ਦੇ ਮਤਾ ਨੰਬਰ 308 ਦੀ ਨਕਲ:-**

ਜਥੇਦਾਰ ਸਵਰਨ ਸਿੰਘ, ਮੁੱਖ ਪ੍ਰਬੰਧਕ ਪਿੰਡ ਲਾਦੀਆਂ, ਡਾਕ: ਜੰਡਿਆਲਾ, ਬੰਗਾ ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵੱਲੋਂ ਸ਼ਹੀਦ ਭਾਈ ਮੋਤੀ ਰਾਮ ਮਹਿਰਾ ਦੀ ਯਾਦ ਵਿੱਚ ਗੇਟ ਉਸਾਰਨ ਲਈ ਸਹਾਇਤਾ ਦੀ ਮੰਗ ਕੀਤੀ ਹੈ। ਸ੍ਰ. ਸੁਖਦੇਵ ਸਿੰਘ ਜੀ ਭੌਰ ਮੈਂਬਰ-ਸ਼੍ਰੋਮਣੀ ਗੁ:ਪ੍ਰ:ਕਮੇਟੀ ਵੱਲੋਂ ਸਿਫਾਰਸ਼ ਹੈ ਦਾ ਮਾਮਲਾ, **ਪ੍ਰਧਾਨ ਸਾਹਿਬ ਦੀ ਆਗਿਆ ਅਤੇ ਇਕੱਤਰਤਾ ਵਿੱਚ ਹਾਜ਼ਿਰ ਮੈਂਬਰ ਸਾਹਿਬਾਨ ਦੀ ਸੰਮਤੀ ਨਾਲ ਪੇਸ਼ ਹੋਣ ਤੇ ਪ੍ਰਵਾਨ ਹੋਇਆ ਕਿ ਸ਼ਹੀਦ ਭਾਈ ਮੋਤੀ ਰਾਮ ਮਹਿਰਾ ਦੀ ਯਾਦ ਵਿੱਚ ਗੇਟ ਉਸਾਰਨ ਲਈ ਜਥੇਦਾਰ ਸਵਰਨ ਸਿੰਘ, ਮੁੱਖ ਪ੍ਰਬੰਧਕ ਪਿੰਡ ਲਾਦੀਆਂ, ਡਾਕ: ਜੰਡਿਆਲਾ, ਬੰਗਾ ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਨੂੰ ਸ਼੍ਰੋਮਣੀ ਗੁ:ਪ੍ਰ:ਕਮੇਟੀ ਦੇ ਧਰਮ ਅਰਥ ਫੰਡ ਵਿਚੋਂ 1,00,000/-ਅੱਖਰੀਂ ਇੱਕ ਲੱਖ ਰੁਪਏ ਸਹਾਇਤਾ ਦੇਣ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।**

---

ਦਫਤਰ:-**ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,**

ਤੇਜਾ ਸਿੰਘ ਸਮੁੰਦਰੀ ਹਾਲ, ਸ੍ਰੀ ਅੰਮ੍ਰਿਤਸਰ।

ਨੰਬਰ 23833

ਮਿਤੀ 23-3 -2022

ਉਤਾਰਾ:
1. ਮੁੱਖ ਲੇਖਾਕਾਰ ਜੀ, ਸ਼੍ਰੋਮਣੀ ਗੁ:ਪ੍ਰ:ਕਮੇਟੀ।
2. ਆਰ. ਕੇ ਜੀ (ਸਹਾਇਤਾ) ਟਰੱਸਟ ਬ੍ਰਾਂਚ, ਸ਼੍ਰੋਮਣੀ ਗੁ:ਪ੍ਰ:ਕਮੇਟੀ।

-ਪਾਸ ਗਿਆਤ ਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

**(ਮਹਿੰਦਰ ਸਿੰਘ)**
**ਸਕੱਤਰ,**
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ
ਸ੍ਰੀ ਅੰਮ੍ਰਿਤਸਰ ਸਾਹਿਬ।

ੴ ਵਾਹਿਗੁਰੂ ਜੀ ਕੀ ਫਤਹ॥

**ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਮਿਤੀ 08-03-2022 (25 ਫੱਗਣ ਸੰਮਤ ਨਾਨਕਸ਼ਾਹੀ 553) ਦੇ ਮਤਾ ਨੰਬਰ 311 ਦੀ ਨਕਲ:-**

ਵਿਦੇਸ਼ਾਂ ਵਿੱਚ ਵੱਸਦੇ ਪੰਜਾਬੀਆਂ ਅਤੇ ਸਿੱਖਾਂ ਵੱਲੋਂ ਵਿਦੇਸ਼ਾਂ ਤੋਂ ਸ੍ਰੀ ਗੁਰੂ ਰਾਮਦਾਸ ਅੰਤਰਰਾਸ਼ਟਰੀ ਹਵਾਈ ਅੱਡਾ, ਸ੍ਰੀ ਅੰਮ੍ਰਿਤਸਰ ਸਾਹਿਬ ਲਈ ਸਿੱਧੀਆਂ ਹਵਾਈ ਉਡਾਣਾਂ ਸ਼ੁਰੂ ਕਰਨ ਦੀਆਂ ਕੀਤੀਆਂ ਜਾ ਰਹੀਆਂ ਅਪੀਲਾਂ ਦਾ ਮਾਮਲਾ, **ਪ੍ਰਧਾਨ ਸਾਹਿਬ ਦੀ ਆਗਿਆ ਅਤੇ ਇਕੱਤਰਤਾ ਵਿੱਚ ਹਾਜ਼ਿਰ ਮੈਂਬਰ ਸਾਹਿਬਾਨ ਦੀ ਸੰਮਤੀ ਨਾਲ ਪੇਸ਼ ਹੋਣ ਤੇ ਪ੍ਰਵਾਨ ਹੋਇਆ ਕਿ ਮੌਜੂਦਾ ਸਮੇਂ 50 ਲੱਖ ਦੇ ਕਰੀਬ ਸਿੱਖ ਅਤੇ ਪੰਜਾਬੀ ਵੱਖ-ਵੱਖ ਦੇਸ਼ਾਂ ਵਿੱਚ ਰਹਿ ਰਹੇ ਹਨ, ਜਿਨ੍ਹਾਂ ਦੀ ਵਿਦੇਸ਼ਾਂ ਤੋਂ ਸਿੱਧੀ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਪਹੁੰਚਣ ਦੀ ਇੱਛਾ ਹੁੰਦੀ ਹੈ ਪ੍ਰੰਤੂ ਸ੍ਰੀ ਅੰਮ੍ਰਿਤਸਰ ਸਥਿਤ ਸ੍ਰੀ ਗੁਰੂ ਰਾਮਦਾਸ ਅੰਤਰਰਾਸ਼ਟਰੀ ਹਵਾਈ ਅੱਡੇ ਤੋਂ ਵੱਖ-ਵੱਖ ਦੇਸ਼ਾਂ ਲਈ ਸਿੱਧੀਆਂ ਉਡਾਣਾਂ ਦਾ ਕੋਈ ਖਾਸ ਪ੍ਰਬੰਧ ਨਹੀਂ ਹੈ, ਜਿਸ ਕਰਕੇ ਪੰਜਾਬ ਵਾਸੀਆਂ ਤੇ ਸਿੱਖਾਂ ਨੂੰ ਮੁਸ਼ਕਿਲ ਪੇਸ਼ ਆਉਂਦੀ ਹੈ।ਅੰਤ੍ਰਿੰਗ ਕਮੇਟੀ ਦੀ ਅੱਜ ਦੀ ਇਕੱਤਰਤਾ ਭਾਰਤ ਸਰਕਾਰ ਪਾਸੋਂ ਪੁਰਜ਼ੋਰ ਮੰਗ ਕਰਦੀ ਹੈ ਕਿ ਸ੍ਰੀ ਗੁਰੂ ਰਾਮਦਾਸ ਅੰਤਰਰਾਸ਼ਟਰੀ ਹਵਾਈ ਅੱਡਾ, ਸ੍ਰੀ ਅੰਮ੍ਰਿਤਸਰ ਸਾਹਿਬ ਤੋਂ ਅਮਰੀਕਾ, ਕੈਨੇਡਾ, ਆਸਟ੍ਰੇਲੀਆ, ਨਿਊਜ਼ੀਲੈਂਡ, ਯੂ.ਕੇ. ਅਤੇ ਹੋਰਨਾਂ ਦੇਸ਼ਾਂ ਤੋਂ ਜਿੱਥੇ ਵੱਡੀ ਗਿਣਤੀ ਵਿੱਚ ਪੰਜਾਬੀ ਅਤੇ ਸਿੱਖ ਵੱਸਦੇ ਹਨ ਤੋਂ ਸਿੱਧੀਆਂ ਹਵਾਈ ਉਡਾਣਾਂ ਸ਼ੁਰੂ ਕੀਤੀਆਂ ਜਾਣ।**

---

ਦਫਤਰ:-**ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,**

ਤੇਜਾ ਸਿੰਘ ਸਮੁੰਦਰੀ ਹਾਲ, ਸ੍ਰੀ ਅੰਮ੍ਰਿਤਸਰ।

ਨੰਬਰ 23960

ਮਿਤੀ 29-03 -2022

ਉਤਾਰਾ:

1. ਸ੍ਰੀ ਨਰਿੰਦਰ ਮੋਦੀ ਜੀ, ਪ੍ਰਧਾਨ ਮੰਤਰੀ, ਭਾਰਤ ਸਰਕਾਰ, ਨਵੀਂ ਦਿੱਲੀ।
2. ਸ੍ਰੀ ਜਯੋਤੀਰਾਦਿੱਤਿਆ ਸਿੰਧੀਆ ਜੀ, ਭਾਰਤ ਸਰਕਾਰ, ਨਵੀਂ ਦਿੱਲੀ।
3. ਓ.ਐਸ.ਡੀ. ਜੀ (ਪ੍ਰਧਾਨ ਸਾਹਿਬ), ਸ਼੍ਰੋਮਣੀ ਗੁ:ਪ੍ਰ:ਕਮੇਟੀ।

-ਪਾਸ ਗਿਆਤ ਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

**(ਮਹਿੰਦਰ ਸਿੰਘ)**
**ਸਕੱਤਰ,**
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ
ਸ੍ਰੀ ਅੰਮ੍ਰਿਤਸਰ ਸਾਹਿਬ।